੧ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
10... PARK ROAD
LEICESTER
TEL: (0116) 276 0517

ਟ੍ਰੈਕਟ ਨੰ : 59

# ਅਖੰਡ-ਪਾਠ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ ।

| ਦਸੰਬਰ | ਸੰਮਤ ਖਾਲਸਾ | ਤੀਜੀ ਵਾਰ |
|---|---|---|
| ੧੯੯੭ | ੨੯੯ | ੨੦,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

# ···· ਸੂਚਨਾ ·····

ਗੁਰਮਤਿ ਪ੍ਰਚਾਰ ਸਭਾ ਵਲੋਂ ਛਪਿਆ ਕੁਝ ਲਿਟ੍ਰੇਚਰ :-

1. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਲਿਖਤ ਡਾ: ਤੇਜਿੰਦਰ ਸਿੰਘ ਜੀ, ਰਿਆਇਤੀ ਮੁੱਲ = 10/- ਰੁ:
2. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
3. ਰੂਹਾਂ ਸੰਬੰਧੀ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ (A world beyond) ਦਾ ਕੁਝ ਸੰਖੇਪ ਪੰਜਾਬੀ ਅਨੁਵਾਦ, 'ਅਬਿਨਾਸ਼ੀ ਲੀਲ੍ਹਾ' ਦੂਜੀ ਐਡੀਸ਼ਨ = 7/- ਰੁ:
4. ਨਿਤਨੇਮ ਕਰਨ ਵਾਲਿਆਂ ਲਈ ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਪਾਠ ਕਰਦਿਆਂ ਨਾਲ ਦੀ ਨਾਲ ਅਰਥ ਸਹਿਜੇ ਹੀ ਵੇਖੇ ਜਾ ਸਕਣ। = 5/- ਰੁ:
5. ਜਪੁਜੀ, ਰਹਰਾਸਿ, ਸੋਹਿਲਾ ਅਤੇ ਅਰਦਾਸ ਦਾ ਮੋਟੇ ਅਖਰਾਂ ਵਿੱਚ ਗੁਟਕਾ ਕੁਝ ਸ਼ੁੱਧ ਉਚਾਰਨ ਸੰਕੇਤਾਂ ਸਹਿਤ = 4/- ਰੁ:
6. **ਕੁਝ ਸੱਚੀਆਂ ਵਾਰਤਾਵਾਂ ਦੀ**

   ਪਹਿਲੀ ਛੋਟੀ ਪੁਸਤਕ...... ਜਮਦੂਤ ਛਡਿ ਜਾਹਿ = 2/- ਰੁ:

   ਦੂਜੀ ਛੋਟੀ ਪੁਸਤਕ........ ਨਾਮੁ ਸਹਾਈ. = 2/- ਰੁ:

   ਤੀਜੀ ਛੋਟੀ ਪੁਸਤਕ....... ਵਿਚਿ ਦੁਨੀਆ ਸੇਵ ਕਮਾਈਐ ॥
8. ਇਹ ਅਤੇ ਹਰ ਮਹੀਨੇ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਉਤੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ੍ਰ: ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ। ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ : 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ।

ਪ੍ਰਾਰਥਕ

# ਅਖੰਡ-ਪਾਠ

ਸਿਖ ਕੌਮ ਦੇ ਮਹਾਨ ਵਿਦਵਾਨ ਭਾ: ਸਾਹਿਬ ਕਾਹਨ ਸਿੰਘ ਜੀ ਨਾਭਾ, 'ਗੁਰਮਤਿ ਸੁਧਾਕਰ' ਵਿਚ ਲਿਖਦੇ ਹਨ ''ਅਖੰਡ ਪਾਠ ਦੀ ਰੀਤੀ ਸਤਿਗੁਰਾਂ ਦੇ ਸਮੇਂ ਨਹੀਂ ਸੀ। ਇਹ ਮਰਿਯਾਦਾ 'ਬੁੱਢਾ-ਦੱਲ' ਨੇ ਤੋਰੀ ਹੈ। ਕਾਰਨ ਇਹ ਹੋਇਆ ਕਿ ਕਿਸੇ ਭਾਰੀ ਕਾਰਜ ਦੇ ਆਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਜਦ ਜ਼ਰੂਰਤ ਹੋਂਦੀ ਤਦ ਬਹੁਤੇ ਪ੍ਰੇਮੀ ਸਿੰਘ ਮਿਲ ਕੇ, ਅਖੰਡ ਪਾਠ ਕਰਕੇ ਭੋਗ ਪਾਉਂਦੇ ਅਰ ਆਵਾਜ਼ਾ (ਹੁਕਮ) ਲੈ ਕੇ ਚੜ੍ਹਾਈ ਕਰਦੇ।''

ਇਹ ਸਮਾਂ ਸਿਖ ਰਾਜ ਤੋਂ ਵੀ ਪਹਿਲਾਂ ਦਾ ਹੈ। ਜਦ ਸਿਖਾਂ ਉਤੇ ਅਤਿਅੰਤ ਜ਼ੁਲਮ ਹੁੰਦੇ ਸਨ, ਉਨ੍ਹਾਂ ਦੇ ਸਿਰਾਂ ਦੇ ਮੁਲ ਪੈਂਦੇ ਸਨ ਅਤੇ ਸਿਖ ਜੰਗਲਾਂ-ਪਹਾੜਾਂ ਅਤੇ ਹੋਰ ਲੁਕਵੀਆਂ ਥਾਵਾਂ ਤੇ ਦੁਸ਼ਮਨ ਦੀ ਮਾਰ ਤੋਂ ਦੂਰ, ਦਿਨ ਕਟੀ ਕਰਦੇ ਸਨ। ਪਰ ਲੋੜ ਪੈਣ ਤੇ ਜ਼ਾਲਮਾਂ ਨੂੰ ਸੋਧਣ ਲਈ ਜਥੇਬੰਦ ਹੋ ਕੇ ਉਨ੍ਹਾਂ ਉਤੇ ਸੂਰਮਿਆਂ ਵਾਂਗ ਐਸੇ ਹਮਲੇ ਕਰਦੇ ਕਿ ਉਨ੍ਹਾਂ ਦੀ ਤੋਬਾ ਕਰਾ ਦੇਂਦੇ।

ਇਹ ਖਿਖੜਾ ਸਮਾਂ ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤੀ ਸਮਾਉਣ ਤੋਂ ਕਾਫੀ ਦੇਰ ਮਗਰੋਂ ਦਾ ਹੈ। ਉਸ ਸਮੇਂ ਸਿਖਾਂ ਨੂੰ ਆਪਣੇ ਦਸਾਂ ਗੁਰੂਆਂ ਦੀ ਆਤਮਕ ਜੋਤ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰ ਅਤੇ ਪਾਠ ਕਰਨ ਦੇ

ਅਵਸਰ ਵੀ ਬਹੁਤ ਘਟ ਅਤੇ ਕਦੇ ਕਦੇ ਹੀ ਪ੍ਰਾਪਤ ਹੁੰਦੇ ਸਨ। ਪ੍ਰੈਸ (ਛਾਪਖਾਨਾ) ਨਾ ਹੋਣ ਕਾਰਨ ਪਾਵਨ ਬੀੜਾਂ ਵੀ ਆਮ ਨਹੀਂ ਸਨ ਹੁੰਦੀਆਂ। ਟਾਂਵੀਆਂ-ਟਾਂਵੀਆਂ ਹਥ ਲਿਖਤ ਬੀੜਾਂ ਖਾਸ-ਖਾਸ ਗੁਪਤ ਥਾਵਾਂ ਤੋਂ, ਜਦ ਕਦੀ ਮੌਕਾ ਲਗਦਾ, ਸਿੰਘ ਪ੍ਰਾਪਤ ਕਰਦੇ ਅਤੇ ਦੂਰ ਨੇੜਿਓਂ ਇਕਠੇ ਹੋ ਕੇ ਸਾਰੇ ਅਲਪ ਆਹਾਰ ਨਾਲ, ਇਕ ਚਿਤ, ਇਕ ਰਸ, ਸਾਰੀ ਪਵਿਤਰ ਬਾਣੀ, ਆਦਿ ਤੋਂ ਅੰਤ ਤਕ ਬੜੇ ਪਿਆਰ ਨਾਲ ਰਲ ਮਿਲ ਪੜ੍ਹਦੇ ਤੇ ਸੁਣਦੇ।

ਇਹੋ ਜਿਹਾ ਸੁਭਾਗ ਸਮਾਂ ਉਨ੍ਹਾਂ ਨੂੰ ਭਾਗਾਂ ਨਾਲ ਕਦੀ-ਕਦੀ ਹੀ ਪ੍ਰਾਪਤ ਹੁੰਦਾ ਸੀ। ਇਸ ਤਰ੍ਹਾਂ ਇਹ ਅਖੰਡ ਪਾਠ ਦੀ ਵਿਧੀ, ਉਸ ਸਮੇਂ ਦੇ ਹਾਲਾਤ ਨੂੰ ਮੁਖ ਰਖਦਿਆਂ ਸ਼ੁਰੂ ਹੋਈ ਸੀ। ਪਰ ਅਜ ਦੇ ਬਦਲੇ ਹਾਲਾਤ ਉਨ੍ਹਾਂ ਦਿਨਾਂ ਨਾਲੋਂ ਕਿੰਨ੍ਹੇ ਫਰਕ ਵਾਲੇ ਹਨ ਜਦ ਕਿ ਅਜ ਸਾਨੂੰ ਹਰ ਤਰਾਂ ਦੇ ਸੁਖ ਆਰਾਮ ਪ੍ਰਾਪਤ ਹਨ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਅਖੰਡ-ਪਾਠ ਰਖਣਾ ਸਾਡੇ ਲਈ ਇਕ ਦਿਖਾਵੇ ਦੀ ਰੀਤ ਹੀ ਬਣ ਗਈ ਹੈ। ਇਕ ਰਿਵਾਜ ਹੀ ਹੋ ਗਿਆ ਜਾਪਦਾ ਹੈ।

ਦਰਅਸਲ ਅਜ ਸਾਡੇ ਸਿਖ ਜਗਤ ਵਿਚ ਗੁਰੂ ਰੂਪ ਬਾਣੀ ਨੂੰ ਸਹਿਜ ਨਾਲ, ਸਮਝ ਕੇ ਪੜਨ-ਸੁਣਨ ਅਤੇ ਸੁਣਾਉਣ ਦੀ ਮਹਾਨਤਾ ਦਰਸਾ ਕੇ ਪ੍ਰੇਰਨਾ ਦੇਣ ਵਾਲਿਆਂ ਦੀ ਗਿਣਤੀ ਬਹੁਤ ਘਟ ਗਈ ਹੈ ਅਤੇ ਸਾਨੂੰ ਭੁਲਦਾ ਜਾ ਰਿਹਾ ਹੈ ਕਿ ਗੁਰਬਾਣੀ, ਸਿਖ ਦੇ ਜੀਵਨ ਦੀ ਥੰਮੀ ਹੈ। ਗੁਰਬਾਣੀ ਪੜ੍ਹ-ਸੁਣ ਕੇ, ਸਮਝ ਕੇ ਹਿਰਦੇ ਵਿਚ ਵਸਾਉਣ ਨਾਲ ਹੀ ਸਿਖ ਦਾ ਜੀਵਨ ਸਫਲ ਹੋਣਾ ਹੁੰਦਾ ਹੈ।

ਦੂਜੇ ਸ਼ਬਦਾਂ ਵਿਚ ਸਿਖ ਆਪਣੇ ਰੋਜ਼ ਦੇ ਕਾਰ-ਵਿਹਾਰ ਗੁਰਬਾਣੀ ਅਨੁਸਾਰ ਧਰਮੀ ਬਣ ਕੇ ਤਾਂ ਹੀ ਨਿਭਾ ਸਕਦਾ ਹੈ ਜੇ ਉਹ ਇਸ ਨੂੰ ਵੀਚਾਰ ਅਤੇ ਸਮਝ ਦੀ ਦ੍ਰਿਸ਼ਟੀ ਕੋਣ ਤੋਂ ਪੜ੍ਹੇ-ਸੁਣੇ ਅਤੇ ਅਮਲ ਕਰੇ । ਇਸੇ ਖਿਆਲ ਅਨੁਸਾਰ ਪੰਥ ਪ੍ਰਵਾਨਤ 'ਰਹਿਤ-ਮਰਿਯਾਦਾ' ਵਿਚ ਜਿਥੇ ਸਿਖ ਨੂੰ 'ਸਹਜ-ਪਾਠ' ਹਮੇਸ਼ਾ ਜਾਰੀ ਰਖਣ ਲਈ ਕਿਹਾ ਗਿਆ ਹੈ ਉਥੇ ਸਾਡੀਆਂ ਪੁਰਾਤਨ ਲਿਖਤਾਂ ਵਿਚ ਵੀ ਲਿਖਿਆ ਮਿਲਦਾ ਹੈ ਕਿ ਸਿਖ ਨੂੰ ਚਾਹੀਦਾ ਹੈ ਕਿ ਨਿਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਅਥਵਾ ਸੁਣ ਕੇ ਫੇਰ ਸੰਸਾਰ ਦੇ ਵਿਹਾਰ ਸ਼ੁਰੂ ਕਰੇ । ਪ੍ਰੰਤੂ ਜਿਤਨਾ ਵੀ ਪਾਠ ਹੋਵੇ, ਅਰਥ-ਵਿਚਾਰ ਨੂੰ ਸਮਝਣ ਦੀ ਭਾਵਨਾ ਨਾਲ ਹੋਵੇ ।

ਬਿਨਾਂ ਕਿਸੇ ਲਾਲਚ ਦੇ, ਗੁਰੂ ਸਵਾਰੇ, ਨਾਮ-ਬਾਣੀ ਦੇ ਰਸੀਏ ਪ੍ਰੇਮੀਆਂ ਵਲੋਂ ''ਆਤਮ ਕੇ ਚਾਇ'' ਲਈ ਕੀਤੇ ਪ੍ਰੇਮ ਸਹਿਤ ਪਾਠ ਨਾਲ ਜਿਥੇ ਸੁੱਕੇ ਮਨ ਵੀ ਹਰੇ ਹੋ ਜਾਂਦੇ ਹਨ ਉਥੇ ਗੁਰਬਾਣੀ ਦੀ ਪਾਰਸ-ਕਲਾ ਦੇ ਲਈ ਕ੍ਰਿਸ਼ਮੇ ਪੜ੍ਹਨ-ਸੁਣਨ ਵਿਚ ਆਉਂਦੇ ਹਨ ਤੇ ਆਉਂਦੇ ਰਹਿਣਗੇ । ਭਾਂਵੇ ਇਸਤਰਾਂ ਦੇ ਪਾਠ ਬਹੁਤ ਹੀ ਵਿਰਲੇ ਹੁੰਦੇ ਹਨ ।

ਜ਼ਰਾ ਨਿਰਪੱਖ ਹੋ ਕੇ ਵੀਚਾਰੀਏ ਕਿ ਜਿਸ ਤਰਾਂ ਅਜ ਕਲ ਅਖੰਡ-ਪਾਠ ਰਖੇ-ਰਖਾਏ ਜਾਂਦੇ ਹਨ, ਕੀ ਇਸ ਤਰਾਂ ਦੇ ਪਾਠਾਂ ਨਾਲ ਗੁਰ ਉਪਦੇਸ਼ਾਂ ਦੇ ਸਮਝਣ-ਸਮਝਾਉਣ ਦੀ ਕੀ ਕੋਈ ਗੁੰਜਾਇਸ਼ ਹੁੰਦੀ ਹੈ. . . .ਕਿ ਇਕੋ ਰੱਟ ਹੁੰਦੀ ਹੈ ਪਾਠ ਨੂੰ ਕਰਮ-ਕਾਂਡ ਵਾਂਗ ਪੂਰਾ ਨਿਭਾਉਣ ਦੀ . . . . . ?

ਇਸ ਪਰਥਾਏ ਗੁਰੂ ਪਾਤਸ਼ਾਹ ਦਾ ਫੁਰਮਾਨ ਸਾਨੂੰ ਚੇਤੇ ਕਰਾਉਂਦਾ ਹੈ :-

*ਸੇਵਕ ਸਿਖ ਪੂਜਣ ਸਭਿ ਆਵਹਿ,*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ॥*

(੬੬੯)

ਗੁਰਬਾਣੀ, ਗੁਰ ਉਪਦੇਸ਼ ਹਨ ਜਿਨ੍ਹਾਂ ਨੂੰ ਸੱਤ-ਸੱਤ ਕਰ ਕੇ ਤਾਂ ਹੀ ਮੰਨਿਆਂ ਜਾ ਸਕਦਾ ਹੈ ਜਾਂ ਮੰਨਣ ਦੀ ਕੋਸ਼ਸ਼ ਤਾਂ ਹੀ ਹੋ ਸਕਦੀ ਹੈ ਜੇ ਇਸਨੂੰ ਧਿਆਨ ਨਾਲ, ਸਹਿਜ ਨਾਲ, ਸਮਝ ਕੇ ਪੜ੍ਹਿਆ-ਸੁਣਿਆ ਜਾਏ ਅਤੇ ਇਸਤਰਾਂ ਦੀ ਭਾਵਨਾਂ ਨਾਲ ਹੀ ਬਾਣੀ ਦਾ ਅਖੰਡ-ਪਾਠ ਜਾਂ ਸਹਿਜ ਪਾਠ ਜਾਂ ਕੀਰਤਨ ਕਰਨਾ-ਸੁਣਨਾ ਥਾਂਏ ਪੈਂਦਾ ਹੈ, ਲੇਖੇ ਲਗਦਾ ਹੈ ।

ਇਹ ਅਸਲ ਤੇ ਤੱਤ ਵਾਲੀ ਗਲ ਕਿ ਬਾਣੀ ਜਿਤਨੀ ਪੜ੍ਹੋ ਧਿਆਨ ਨਾਲ, ਸ਼ੁਧ ਅਤੇ ਸਮਝ ਕੇ ਵੀਚਾਰ ਦੇ ਖਿਆਲ ਨਾਲ ਪੜ੍ਹਨ ਵਾਲੀ ਗਲ ਵਲ ਨਾਂਹ ਕੋਈ ਧਿਆਨ ਦੇਂਦਾ ਹੈ ਅਤੇ ਨਾਂਹ ਕੋਈ ਜਥਾ ਜਾਂ ਧਾਰਮਕ ਸਭਾ-ਸੁਸਾਇਟੀ ਇਸ ਤਰਾਂ ਦੇ ਪਾਠ ਕਰਨ ਦਾ ਪ੍ਰਚਾਰ ਕਰਦੀ ਹੈ । ਪਰ ਇਸ ਦੇ ਉਲਟ ਵਖ ਵਖ ਥਾਵਾਂ ਤੇ ਰਸਮੀ ਪਾਠ ਕਰਨ ਕਰਾਉਣ ਦੀ ਪ੍ਰੇਰਨਾ ਦੇਣ ਵਾਲੇ ਬੇਅੰਤ ਡੇਰੇ ਅਤੇ ਨਾਮ ਧਰੀਕ ਸੰਤ-ਬਾਬੇ ਹਨ । ਇਨ੍ਹਾਂ ਨੂੰ ਦੇਖ ਕੇ ਸਾਡੇ ਬਹੁਤ ਸਾਰੇ ਗੁਰਦੁਆਰਿਆਂ ਦੇ ਬਾਹਿਰ ਵਖ ਵਖ ਤਰ੍ਹਾਂ ਦੇ ਪਾਠਾਂ ਦੇ ਰੇਟਾਂ ਦੀਆਂ ਸੂਚੀਆਂ ਲਗਣੀਆਂ

ਸ਼ੁਰੂ ਹੋ ਗਈਆਂ ਹਨ ਤਾਂ ਜੋ ਸੰਗਤਾਂ ਰੋਜ਼ ਪੜ੍ਹ ਕੇ ਪਾਠ ਰਖਣ-ਰਖਾਉਣ ਦੀ ਪ੍ਰੇਰਨਾ ਲੈਣ ਅਤੇ ਇਸਤਰਾਂ ਦੇ ਪਾਠਾਂ ਰਾਹੀਂ ਆਮਦਨ ਵਿੱਚ ਵਾਧਾ ਹੁੰਦਾ ਰਵੇ।

ਕਈ ਇਤਿਹਾਸਕ ਗੁਰਦੁਆਰਿਆਂ ਤੋਂ ਛਪਦੇ ਮਾਸਕ ਪਤਰਾਂ ਵਿਚ ਹਰ ਵਾਰ ਇਸ ਤਰ੍ਹਾਂ ਦੇ ਪਾਠਾਂ ਦੀ ਰੇਟ ਸੂਚੀਆਂ ਛਪਦੀਆਂ ਆ ਰਹੀ ਹਨ।

ਕੁਝ ਇਸ ਤਰਾਂ ਦੇ ਪ੍ਰਚਾਰ ਕਾਰਨ ਅਤੇ ਕੁਝ ਦੇਖਾ ਦੇਖੀ ਅਖੰਡ ਪਾਠ ਰਖਾਉਣ ਦਾ ਰਿਵਾਜ ਸਾਡੇ ਸਿਖ ਘਰਾਂ ਵਿੱਚ ਵਧਦਾ ਹੀ ਜਾ ਰਿਹਾ ਹੈ। ਅਤੇ ਅਸੀਂ ਇਹ ਸਮਝਣ ਲਗ ਪਏ ਹਾਂ ਕਿ ਇਸਤਰਾਂ ਅਖੰਡ ਪਾਠ ਰਖਾਉਣ ਦੀ ਰਸਮ ਨਾਂਹ ਕਰਨ ਨਾਲ ਜਿਥੇ ਸਾਡਾ ਨੱਕ ਨਹੀਂ ਰਹਿੰਦਾ ਉਥੇ ਗੁਰ ਮਰਿਯਾਦਾ ਦੇ ਉਲਟ ਵੀ ਹੈ।

ਆਮ ਲੋਕੀ ਪਾਠੀ ਸਿੰਘਾਂ ਤੋਂ ਹੀ ਪਾਠ ਕਰਾਉਂਦੇ ਹਨ। ਆਪ ਰੁਚੀ ਨਾਂਹ ਹੋਣ ਕਾਰਨ, ਜਾਂ ਘਟ ਹੋਣ ਕਾਰਨ, ਘਰ ਵਾਲਿਆਂ ਨੂੰ ਸੁਣਨ ਦਾ ਸਮਾਂ ਹੀ ਨਹੀਂ ਮਿਲਦਾ ਜਾਂ ਸਮਾਂ ਕਢਦੇ ਹੀ ਨਹੀਂ। ਫਿਰ ਇਸ ਮੌਕੇ ਉਥੇ ਬੁਲਾਏ ਸਾਕ-ਸੰਨਬੰਧੀ ਜਾਂ ਮਿਤਰ ਪਿਆਰਿਆਂ ਦੀ ਸੇਵਾ ਸੰਭਾਲ ਅਤੇ ਹੋਰ ਗਪ-ਸ਼ਪ ਵਿਚ ਹੀ ਸਾਰਾ ਸਮਾਂ ਲੰਘ ਜਾਂਦਾ ਹੈ। ਉਹ ਇਸੀ ਗਲ ਵਿਚ ਹੀ ਖੁਸ਼ ਰਹਿੰਦੇ ਹਨ ਕਿ ਉਨ੍ਹਾਂ ਨੇ ਅਖੰਡ ਪਾਠ ਰਖਾਇਆ ਹੋਇਆ ਹੈ। ਉਨ੍ਹਾਂ ਨੂੰ ਗੁਰੂ ਸਾਹਿਬ ਦੇ ਉਪਰਲੇ ਵਾਕ ਚੇਤੇ ਨਹੀਂ ਹੁੰਦੇ ਕਿ ਬਾਣੀ ਉਸੇ ਦੀ ਹੀ ਪੜ੍ਹੀ-ਸੁਣੀ ਲੇਖੇ ਲਗਣੀ ਹੈ ਜਿਸ ਨੇ ਪੜ੍ਹ-ਸੁਣ ਕੇ ਮੰਨਣੀ ਹੈ। ਪਰ ਬਹੁਤੇ ਘਰਾਂ ਵਾਲੇ ਵਿਚਾਰੇ ਆਪ ਨਾ ਪੜ੍ਹਦੇ ਹਨ ਨਾ ਸੁਣਦੇ ਹਨ (ਮੰਨਣਾ ਤਾਂ

ਦੂਰ ਦੀ ਗਲ ਹੈ) ਸੋ ਇਸਤਰਾਂ ਦਾ ਪਾਠ ਰਖ ਕੇ ਖੁਸ਼ ਹੋਣਾ ਅਤੇ ਗੁਰੂ ਮਹਾਰਾਜ ਦੀ ਕਿਰਪਾ ਦੇ ਪਾਤਰ ਬਣਨ ਲਈ ਆਸ ਰਖਣੀ, ਕਿਥੋਂ ਦੀ ਸਿਆਣਪ ਹੈ ?

(2) ਜੇ ਕੋਈ ਸਜਨ ਆਪਣੇ ਬਚੇ ਨੂੰ ਪੜ੍ਹਾਈ ਲਈ ਸਕੂਲ ਭੇਜਣ ਦੀ ਥਾਂ ਆਪਣੇ ਨੌਕਰ ਨੂੰ ਕਹਿ ਦੇਵੇ ਕਿ ਮੇਰੇ ਪੁਤਰ ਦੀ ਥਾਂ ਤੂੰ ਹੀ ਸਕੂਲ ਪੜ੍ਹ ਆਇਆ ਕਰ ਤਾਂ ਦਸੋ ਉਸ ਪੜ੍ਹਾਈ ਦਾ ਲਾਭ ਨੌਕਰ ਨੂੰ ਹੋਏਗਾ ਜਾਂ ਉਸ ਦੇ ਬੱਚੇ ਨੂੰ ?

(3) ਜੇ ਅਸੀਂ ਕਿਸੇ ਸਿਆਣੇ (ਨਿਰਪਖ) ਨੂੰ ਪੁਛੀਏ ਕਿ ਜੇ ਅਖੰਡ ਪਾਠ ਕਰਨ ਵਾਲਾ ਪਾਠੀ ਈਮਾਨਦਾਰੀ ਨਾਲ ਪਾਠ ਨਾ ਕਰੇ, ਭਾਵ ਬਿਨਾਂ ਪੜ੍ਹੇ ਹੀ ਪਤਰੇ ਪਰਤਾਈ ਜਾਵੇ ਤਾਂ ਇਸ ਦੋਸ਼ ਦਾ ਭਾਗੀ ਕੌਣ ਹੋਏਗਾ ? ਤਾਂ ਉਹ ਨਿਰਪਖ ਸਿਆਣਾ ਪੁਰਸ਼ ਕਹੇਗਾ.....ਪਾਠੀ। ਜੇ ਉਸੇ ਸਮੇਂ ਉਸ ਤੋਂ ਫੇਰ ਪੁਛਿਆ ਜਾਏ ਕਿ ਜੇ ਪਾਠੀ ਈਮਾਨਦਾਰੀ ਨਾਲ, ਸਹਿਜ ਤੇ ਪਿਆਰ ਨਾਲ ਪਾਠ ਕਰੇ ਤਾਂ ਇਸ ਦਾ ਫਲ ਕਿਸ ਨੂੰ ਮਿਲੇਗਾ ? ਤਾਂ ਉਸ ਨੂੰ ਇਹ ਉਤਰ ਦੇਂਦਿਆ ਜ਼ਰੂਰ ਸ਼ਰਮ ਆਏਗੀ ਕਿ ਇਸ ਦਾ ਫਲ ਪਾਠੀ ਨੂੰ ਨਹੀਂ, ਸਗੋਂ ਪਾਠ ਰਖਵਾਉਣ ਵਾਲੇ ਨੂੰ ਮਿਲੇਗਾ ।

ਸੋ ਇਸਤਰਾਂ ਅਖੰਡ ਪਾਠ ਰਖਵਾਉਣ ਦਾ ਰਿਵਾਜ ਜੋ ਦਿਨੋ ਦਿਨ ਵਧ ਰਿਹਾ ਹੈ, ਉਹ ਨਿਰਾ ਦਿਖਾਵਾ ਹੀ ਹੈ, ਹੋਰ ਕੁਝ ਨਹੀਂ। ਪਾਠ ਰਖਵਾ ਕੇ ਪਾਠ ਦੀ ਜ਼ਿਮੇਵਾਰੀ ਸਾਰੀ ਪਾਠੀਆਂ ਦੇ ਸਿਰ ਦੇ ਕੇ ਘਰ ਵਾਲੇ ਆਪੋ ਆਪਣੇ ਕੰਮਾਂ ਵਿਚ ਲਗ ਜਾਂਦੇ ਹਨ। ਆਦਮੀ ਦੁਕਾਨਾਂ ਅਤੇ ਦਫਤਰਾਂ ਦੇ ਕੰਮਾਂ ਕਾਜਾਂ ਤੇ ਚਲੇ ਜਾਂਦੇ ਹਨ ; ਬੀਬੀਆਂ ਘਰੇਲੂ ਕੰਮਾਂ ਅਤੇ ਆਏ ਗਏ ਦੀ ਸੇਵਾ

ਸੰਭਾਲ 'ਚ ਰੁਝ ਜਾਂਦੀਆਂ ਹਨ । ਸਮਾਪਤੀ ਵੇਲੇ ਭੋਗ ਦਾ ਸਮਾਗਮ ਰਖ ਕੇ ਇਕਠ ਕਰ ਲੈਂਦੇ ਹਨ । ਪਾਠ ਹੁੰਦਾ ਹੈ ਜਾਂ ਨਹੀਂ, ਕਿੰਨਾ ਕੁ ਸ਼ੁਧ ਹੁੰਦਾ ਹੈ ਜਾਂ ਪਾਠੀ ਸਰੀਰਕ ਤੌਰ ਤੇ ਕਿੰਨਾਂ ਕੁ ਸੁੱਅਛ ਅਤੇ ਅਰੋਗ ਹੈ, ਇਨ੍ਹਾਂ ਗਲਾਂ ਦਾ ਕਿਸੇ ਨੂੰ ਧਿਆਨ ਹੀ ਨਹੀਂ । ਪਾਠ ਨਾ ਕੋਈ ਸੁਣਦਾ ਹੈ ਨਾ ਪੂਰੀ ਤਰਾਂ ਨਿਗਰਾਨੀ ਕਰਦਾ ਹੈ । ਹਾਂ ! ਕਮਰੇ ਦੀਆਂ ਕੰਧਾਂ ਜਾਂ ਦਰੀਆਂ-ਗਲੀਚੇ ਹੀ ਪਾਠ ਸੁਣਦੇ ਹਨ ।

(4) ਕਈ ਵਾਰ ਐਸੇ ਪਾਠਾਂ ਦੀ ਇਤਨੀ ਭਰਮਾਰ ਹੋ ਜਾਂਦੀ ਹੈ ਕਿ ਪਾਠੀ ਵੀ ਪੂਰੇ ਨਹੀਂ ਮਿਲਦੇ । ਜੋ ਮਿਲਦੇ ਹਨ ਤਾਂ ਇਕ ਪਾਠੀ ਤਿੰਨ-ਤਿੰਨ, ਚਾਰ-ਚਾਰ ਪਾਠਾਂ ਵਿਚ ਇਕੋ ਵਾਰ ਸ਼ਾਮਲ ਹੋਇਆ ਹੁੰਦਾ ਹੈ । ਇਹ ਗੁਰੂ ਹੀ ਜਾਣਦਾ ਹੈ ਕਿ ਉਹ ਇਹ ਸਾਰੇ ਪਾਠ ਇਕੋ ਟਾਈਮ ਕਿਸ ਹਿੰਮਤ ਨਾਲ ਨਿਭਾਉਂਦਾ ਹੈ ?

(5) ਇਹ ਠੀਕ ਹੈ ਕਿ ਸਿਖ ਨੇ ਹਰ ਦੁਖ-ਸੁਖ ਸਮੇਂ ਗੁਰਬਾਣੀ ਦੀ ਹੀ ਓਟ-ਆਸਰਾ ਲੈਣਾ ਹੈ ਪਰ ਬਾਣੀ ਤੋਂ ਆਸਰਾ-ਸਹਾਰਾ ਤਾਂ ਹੀ ਮਿਲ ਸਕੇਗਾ ਜੇ ਬਾਣੀ ਨੂੰ ਸਹਿਜ ਨਾਲ, ਪਿਆਰ ਨਾਲ, ਸਮਝ ਦੀ ਦ੍ਰਿਸ਼ਟੀ ਕੌਣ ਤੋਂ ਆਪ ਪੜ੍ਹਾਂਗੇ ਜਾਂ ਸੁਣਾਂਗੇ । ਨਾ ਕਿ ਭਾੜੇ ਤੇ ਪਾਠ ਕਰਾਉਣ ਨਾਲ ।

(6) ਜੇ ਅਸੀਂ ਜ਼ਰੂਰ ਅਖੰਡ-ਪਾਠ ਹੀ ਰਖਣਾ ਰਖਾਉਣਾ ਹੈ ਤਾਂ ਘਟੋ ਘਟ ਪੰਥ ਪ੍ਰਵਾਨਤ 'ਸਿਖ ਰਹਿਤ ਮਰਿਯਾਦਾ' ਵਿਚ ਅਖੰਡ-ਪਾਠ ਬਾਰੇ ਹੇਠ ਲਿਖੇ ਨੂੰ ਜ਼ਰੂਰ ਧਿਆਨ ਵਿਚ ਰਖਣਾ ਚਾਹੀਦਾ ਕਿ :-

(ੳ) ਅਖਰ ਮਾਤਰ ਦਾ ਧਿਆਨ ਰਖਕੇ, ਪਾਠ ਸ਼ੁਧ ਤੇ

ਸਾਫ ਕਰਨਾ ਚਾਹੀਏ ਭਾਂਵੇ ਸਮਾਂ ਵਧੀਕ ਲਗੇ । ਇਹ ਜ਼ਰੂਰੀ ਨਹੀਂ ਕਿ 47-48 ਘੰਟੇ ਹੀ ਲਗਣ ।

(ਅ) ਅਖੰਡ-ਪਾਠ ਜਿਸ ਨੂੰ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟਬਰ ਦੇ ਆਦਮੀ, ਸਾਕ-ਸਨਬੰਧੀ ਮਿਤਰ ਆਦਿ ਮਿਲ ਕੇ ਕਰਨ । ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ ।

(ੲ) ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਤੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਇਕਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟਬਰ ਦਾ ਕੋਈ ਆਦਮੀ ਵੀ ਨਾ ਸੁਣਦਾ ਹੋਵੇ ।

ਆਓ ! ਅਜ ਵਿਚਾਰੀਏ ਕਿ "ਰਹਿਤ ਮਰਿਯਾਦਾ" ਅਨੁਸਾਰ ਇਨ੍ਹਾਂ ਅਤੇ ਹੋਰ ਹੇਠ ਲਿਖੀਆਂ ਗਲਾਂ ਵਲ ਕੌਣ ਕੌਣ ਧਿਆਨ ਕਰਦਾ ਹੈ ?

(7) ਇਥੇ ਹੀ ਬਸ ਨਹੀਂ, ਠੀਕ ਪ੍ਰਚਾਰ ਅਤੇ ਵੀਚਾਰ ਦੀ ਬੜੀ ਵਡੀ ਘਾਟ ਹੋਣ ਕਾਰਨ ਹੀ ਬਹੁਤ ਸਾਰੇ ਗੁਰੂ ਦੇ ਸਿਖ ਅਖਵਾਉਣ ਵਾਲੇ ਅਣਜਾਣਪੁਣੇ ਵਿਚ ਹੀ ਜਾਂ ਦੇਖਾ ਦੇਖੀ ਐਸੀਆਂ ਗੱਲਾਂ ਕਰਨ ਲਗ ਜਾਂਦੇ ਹਨ ਜਿਸ ਤੋਂ ਪ੍ਰਗਟ ਹੋਣ ਲਗਦਾ ਹੈ ਕਿ ਇਨ੍ਹਾਂ ਨੂੰ ਆਪਣੇ ਧਰਮ ਦੇ ਇਕ ਮੁੱਢਲੇ ਜ਼ਰੂਰੀ ਅਸੂਲ, "ਇਕ ਅਕਾਲ ਪੁਰਖ ਦੀ ਆਰਾਧਨਾ", ਹੀ ਭੁਲ ਗਿਆ ਜਾਪਦਾ ਹੈ । ਕਿਉਂਕਿ ਦਿਖਾਵੇ ਦੇ ਪ੍ਰਭਾਵ ਹੇਠ ਰਖਾਏ ਅਖੰਡ ਪਾਠ ਸਮੇਂ ਪਾਣੀ ਦਾ ਕੋਰਾ ਘੜਾ, ਮੋਲੀ, ਉਸ ਹੇਠਾਂ ਸਤਨਾਜਾ (ਸਤ ਪ੍ਰਕਾਰ ਦਾ ਅਨਾਜ) ਘੜੇ ਉਤੇ ਲਾਲ ਕਪੜੇ ਵਿਚ ਲਪੇਟਿਆ ਨਾਰੀਅਲ, ਦਿਨ ਰਾਤ ਦੇਸੀ ਘੀ ਦੀ ਜਗਦੀ

ਜੋਤ ਅਤੇ ਧੂਪ ਸਮਗਰੀ ਆਦਿ ਕਰਨੀ ਬ੍ਰਾਹਮਣ ਰੀਤੀ ਦੀ ਨਕਲ ਹੀ ਹੈ ।

ਹਿੰਦੂ ਵੀਰ ਕਈ ਦੇਵੀ ਦੇਵਤਿਆਂ ਨੂੰ ਮੰਨਦੇ ਹਨ ਅਤੇ ਉਨਾਂ ਦੀ ਪੂਜਾ ਦੇ ਵੀ ਕਈ ਢੰਗ ਹਨ । ਲਾਲ ਕਪੜਾ ਉਨ੍ਹਾਂ ਲਈ ਦੇਵੀ ਪੂਜਾ, ਨਾਰੀਅਲ ਗੁਪਤ ਦੇਵਤੇ ਜਾਂ ਦੇਵਤਿਆਂ ਦੀ ਪੂਜਾ ਦੇ ਚਿੰਨ ਮੰਨਿ ਗਏ ਹਨ । ਇਸੇ ਤਰ੍ਹਾਂ ਉਨ੍ਹਾਂ ਅਨੁਸਾਰ ਕੁੰਭ ਰਖਣਾ—ਜਲ-ਦੇਵਤਾ, ਅਨਾਜ, ਅੰਨ-ਦੇਵਤਾ ਅਤੇ ਸਮਿਗਰੀ ਦਾ ਧੂਪ ਧੁਖਾਉਣਾ ਪਵਨ-ਦੇਵਤੇ ਦੀ ਪੂਜਾ ਕਰਨੀ ਮੰਨੀ ਗਈ ਹੈ । ਪਰ ਖਾਲਸਾ ਜੋ ਇਕ ਅਕਾਲ ਪੁਰਖ ਦਾ ਪੁਜਾਰੀ ਹੈ (ਅਤੇ ਜੋ ਕਿਸੇ ਦੇਵੀ ਦੇਵਤੇ ਨੂੰ ਮੰਨਦਾ ਹੀ ਨਹੀਂ) ਉਹ ਇਸ ਤਰ੍ਹਾਂ ਕਿਉਂ ਕਰੇ ?

'ਸਿਖ ਰਹਿਤ ਮਰਿਯਾਦਾ' ਵਿਚ ਸਾਫ ਲਿਖਿਆ ਹੋਇਆ ਹੈ :- ''ਅਖੰਡ ਪਾਠ ਜਾਂ ਹੋਰ ਕਿਸੇ ਤਰਾਂ ਦੇ ਪਾਠ ਵੇਲੇ ਕੁੰਭ, ਜੋਤ, ਨਲ੍ਹੀਏਰ ਆਦਿ ਰਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ (ਸੰਪਟ) ਜਾਰੀ ਰਖਨਾ ਮਨਮਤ ਹੈ ।

(੪) ਗੁਰੂ ਨਾਨਕ ਪਾਤਸ਼ਾਹ ਜਦ ਜਗਨ ਨਾਥ ਪੁਰੀ ਦੇ ਮੰਦਰ ਗਏ ਤਾਂ ਉਥੇ ਪਾਂਡਿਆਂ ਨੂੰ ਜਗਨ ਨਾਥ ਦੀ ਮੂਰਤੀ ਦੀ ਆਰਤੀ ਉਤਾਰਦਿਆਂ ਵੇਖ, ਜਿਥੇ ਉਨ੍ਹਾਂ ਨੂੰ ਮਹਾਰਾਜ ਨੇ ਜਗਨ ਨਾਥ, ਜਗਤ ਦਾ ਮਾਲਕ ਤੇ ਪਾਲਕ, ਅਕਾਲਪੁਰਖ ਬਾਰੇ ਸਹੀ ਜਾਣਕਾਰੀ ਦਿਤੀ ਉਥੇ ਹੇਠਲੇ ਸ਼ਬਦ :-

*ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,*
*ਤਾਰਿਕਾ ਮੰਡਲ ਜਨਕ ਮੋਤੀ ॥ ......*

ਰਾਹੀਂ ਉਨਾਂ ਨੂੰ ਅਕਾਲਪੁਰਖ ਦੀ ਹਮੇਸ਼ਾਂ ਹੋ ਰਹੀ ਆਰਤੀ ਬਾਰੇ ਐਸੇ ਸੁੱਚਜੇ ਢੰਗ ਨਾਲ ਸਮਝਾਇਆ ਕਿ ਉਹ ਸਾਰੇ ਪ੍ਰਭਾਵਤ ਹੋਏ ਅਤੇ ਚਰਨੀਂ ਲਗੇ ।

ਪਰ ਅਜ ਅਸੀਂ ਉਸੇ ਗੁਰੂ ਨਾਨਕ ਪਾਤਸ਼ਾਹ ਦੇ ਸਿਖ ਅਖਵਾਉਣ ਵਾਲੇ, ਗੁਰੂ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਅਤੇ ਇਕ ਅਕਾਲ ਪੁਰਖੁ ਦੀ ਹਮੇਸ਼ਾਂ ਹੋ ਰਹੀ ਆਰਤੀ ਨੂੰ ਭੁਲਦੇ ਜਾ ਰਹੇ ਹਾਂ ਅਤੇ ਪੰਡਤਾਂ ਦੀ ਖੰਡਨ ਕੀਤੀ ਆਰਤੀ ਦੀ ਨਕਲ ਕਰਕੇ, ਗੁਰਬਾਣੀ 'ਚ ਵਖ ਵਖ ਸ਼ਬਦ ਜੋੜ ਕੇ ਉਸੇ ਤਰਾਂ ਥਾਲੀ ਵਿਚ ਦੀਵੇ ਬਾਲ ਕੇ ਕਈ ਥਾਂ ਸੰਖ ਆਦਿ ਵਜਾ ਕੇ ਆਰਤੀ ਕਰਨ ਅਤੇ ਫੁਲਾਂ ਦੀ ਵਰਖਾ ਕਰਨ ਲਗ ਪਏ ਹਾਂ ।

ਆਰਤੀ ਵਾਲੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੩੩, ੬੯੪, ੬੯੦, ੧੩੫੦ ਅਤੇ ੬੯੫ ਵਿਚੋਂ ਤਰਤੀਬ-ਵਾਰ ਲੈ ਕੇ ਜੋੜੇ ਗਏ ਹਨ । ਇਸ ਦੇ ਮਗਰੋਂ ਯਾ ਤੇ ਪ੍ਰਸੰਨ ਭਏ' ਵਾਲਾ ਸਵੈਯਾ ਦਸਮ ਗ੍ਰੰਥ ਦੀ ਉਸ ਕਥਾ ਵਿਚੋਂ ਲਿਆ ਗਿਆ ਹੈ ਜਿਸ ਵਿਚ ਦੁਰਗਾ ਦੇਵੀ ਨੇ ਮਹਿਖੇ ਦੈਂਤ ਨੂੰ ਮਾਰ ਕੇ ਇੰਦਰ-ਦੇਵਤੇ ਨੂੰ ਤਿਲਕ ਦੇਣ ਸਮੇਂ ਦੇਵਤਿਆਂ ਦੀ ਖੁਸ਼ੀ ਦਾ ਵਰਨਣ ਹੈ । ਇਸ ਦੀਆਂ ਇਹ ਪੰਗਤੀਆਂ :–

*ਸੰਖਨ ਕੀ ਧੁਨ ਘੰਟਨ ਕੀ,*
*ਕਰਿ ਫੂਲਨ ਕੀ ਬਰਖਾ ਬਰਖਾਵੈ ॥*

ਸ਼ਾਇਦ ਇਸ ਲਈ ਜੋੜੀਆਂ ਗਈਆਂ ਹਨ ਤਾਂ ਜੁ ਆਰਤੀ ਸਮੇਂ ਫੁਲਾਂ ਦੀ ਵਰਖਾ ਕਰਨ ਦੀ ਨਕਲ ਪੂਰੀ ਤਰਾਂ ਕੀਤੀ ਜਾ ਸਕੇ ।

ਸ਼ਹਿਰਾਂ ਅਤੇ ਪਿੰਡਾਂ ਵਿਚ ਇਸ ਤਰਾਂ ਆਰਤੀ ਕਰਨ

ਸੁਣਨ ਵਾਲਿਆਂ ਨੂੰ ਕੋਈ ਨਹੀਂ ਦਸਦਾ-ਸਮਝਾਂਦਾ ਜਾਂ ਪ੍ਰਚਾਰਦਾ ਕਿ ਇਸੇ ਪੜੀ ਜਾਣ ਵਾਲੀ ਆਰਤੀ ਦੇ 694 ਪੰਨੇ ਵਾਲੇ ਸ਼ਬਦ ਵਿਚ ਤਾਂ ਗੁਰੂ ਮਹਾਰਾਜ ਆਰਤੀ ਨੂੰ ਖੰਡਨ ਕਰਦੇ ਹੋਏ ਸਾਨੂੰ ਸਮਝਾਉਂਦੇ ਹੋਏ ਦਸਦੇ ਹਨ :-

*ਨਾਮ ਤੇਰੋ ਆਰਤੀ, ਮਜਨੁ ਮੁਰਾਰੇ,*
*ਹਰਿ ਕੇ ਨਾਮ ਬਿਨੁ, ਝੂਠੇ ਸਗਲ ਪਸਾਰੇ ॥*

ਭਾਵ—ਹੇ ਪ੍ਰਭੂ ! ਤੇਰਾ ਨਾਮ ਜਪਣਾ ਹੀ ਮੇਰੇ ਲਈ ਆਰਤੀ ਹੈ ਅਤੇ ਤੀਰਥਾਂ ਉਤੇ ਇਸ਼ਨਾਨ ਕਰਨਾ ਹੈ । ਹਰੀ-ਪ੍ਰਭੂ ਦੇ ਨਾਮ ਤੋਂ ਬਗੈਰ (ਖੁੰਞ ਕੇ) ਹੋਰ ਸਾਰੇ ਅੰਡਬਰ (ਆਰਤੀ ਆਦਿ ਦੇ) ਝੂਠੇ ਹਨ, ਫਜ਼ੂਲ ਹਨ । ਇਸੇ ਸ਼ਬਦ ਵਿਚ ਅਗੇ ਗੁਰੂ ਸਾਹਿਬ ਕਹਿੰਦੇ ਹਨ –

*ਨਾਮੁ ਤੇਰਾ ਦੀਵਾ, ਨਾਮੁ ਤੇਰਾ ਬਾਤੀ,*
*ਨਾਮੁ ਤੇਰੇ ਤੇਲੁ ਲੈ ਮਾਹਿ ਪਸਾਰੇ ॥*
*ਨਾਮ ਤੇਰੇ ਕੀ ਜੋਤਿ ਲਗਾਈ,*
*ਭਇਓ ਉਜਿਆਰੋ ਭਵਨ ਸਗਲਾਰੇ ॥*

ਥੁਹੜੀ ਜਿਹੀ ਵੀ ਸਮਝ ਰਖਣ ਵਾਲਾ ਜੇ ਧਿਆਨ ਨਾਲ ਉਪਰਲੇ ਸ਼ਬਦ ਨੂੰ ਪੜ੍ਹੇ ਤਾਂ ਉਸ ਨੂੰ ਗੁਰੂ ਪਾਤਸ਼ਾਹ ਦੇ ਉਪਦੇਸ਼ ਝਟ ਸਮਝ ਆ ਸਕਦੇ ਹਨ ਕਿ ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਹੇ ਵਾਹਿਗੁਰੂ ! ਤੇਰਾ ਨਾਮ ਜਪਣਾ ਹੀ ਮੇਰੇ ਲਈ ਦੀਵਾ-ਬਤੀ, ਤੇਲ ਅਤੇ ਜੋਤ ਜਗਾਉਣਾ ਹੈ । ਪਰ ਪਤਾ ਨਹੀਂ ਸਾਨੂੰ ਗੁਰਬਾਣੀ ਦੀਆਂ ਇਹ ਤੇ ਹੋਰ ਪੰਗਤੀਆਂ ਵੀਚਾਰ ਨਾਲ ਪੜ੍ਹਨ-ਪੜ੍ਹਾਉਣ ਅਤੇ ਸੁਣਨ-ਸਮਝਣ ਦੀ ਸੋਝੀ ਕਦ ਅਤੇ ਕਿਸਤਰਾਂ ਆਏਗੀ ?

ਬਿਨਾਂ ਵੀਚਾਰ ਦੇ ਬਾਣੀ ਪੜਨ-ਪੜਾਉਣ ਦੇ ਨਤੀਜੇ

ਵੇਖੋ-ਦਿਖਾਵੇ ਦੇ ਅਖੰਡ ਪਾਠ ਅਤੇ ਅਗੇ ਉਸ ਨਾਲ ਜੋੜੀਆਂ ਜਾਂ ਜੁੜੀਆਂ ਰਸਮਾਂ ਕੁੰਭ, ਨਾਰੀਅਲ ਆਦਿ ਰਖਣੇ ਫਿਰ ਆਰਤੀ ਅਤੇ ਇਸ ਤੋਂ ਅਗੇ ਦੇਖੋ ਰੁਮਾਲਾ ਚੜਾਉਣ ਦਾ ਅਖੀਂ ਵੇਖਿਆ ਇਕ ਹੋਰ ਨਵਾਂ ਤਰੀਕਾ :–

ਸਿਖਾਂ ਦੀ ਚੰਗੀ ਵਸੋਂ ਵਾਲੇ ਇਕ ਪਿੰਡ ਦੇ ਗੁਰਦੁਆਰੇ ਵਿਚ ਅਖੰਡ ਪਾਠ ਦੇ ਭੋਗ ਉਪ੍ਰੰਤ ਚਾਰ ਪਾਠੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਹਾਂ ਪਾਸਿਆਂ ਤੇ ਬੈਠ ਕੇ ਰੁਮਾਲੇ ਦੀਆਂ ਚੋਹਾਂ ਨੁਕਰਾਂ ਨੂੰ ਪਕੜ ਕੇ ਮਹਾਰਾਜ ਦੇ ਸਰੂਪ ਉਪਰ ਤਾਣ ਲਿਆ ਅਤੇ ਹੇਠਲਾ ਸਲੋਕ ਸੰਗਤਾਂ ਨਾਲ ਮਿਲ ਕੇ ਪੜਨ ਲਗੇ :–

*ਪਰੇਮ ਪਟੋਲਾ ਤੈ ਸ਼ਹਿ ਦਿਤਾ,*
*ਢਕਣ ਕੂ ਪਤਿ ਮੇਰੀ ॥*
*ਦਾਨਾ ਬੀਨਾ ਸਾਈਂ ਮੈਡਾ,*
*ਨਾਨਕ ਸਾਰ ਨ ਜਾਣਾ ਤੇਰੀ ॥*

**ਅਰਥ** – ਹੇ ਮੇਰੇ ਪ੍ਰਭੂ ਤੂੰ ਦਾਨਾ (ਸਿਆਣਾ, ਬਹੁਤ ਚੰਗੀ ਸੂਝ-ਬੂਝ ਵਾਲਾ) ਹੈ । ਤੂੰ ਬੀਨਾ (ਵੇਖਣ ਵਾਲਾ, ਦੂਰ ਦ੍ਰਿਸ਼ਟੀ ਵਾਲਾ, ਅੰਤਰਜਾਮੀ) ਹੈਂ ਅਤੇ ਮੇਰਾ ਮਾਲਕ ਹੈਂ । ਪਰ ਮੈਂ ਨਾਨਕ, ਤੇਰੀ ਸਾਰ (ਕਦਰ) ਨਹੀਂ ਜਾਣਦਾ । ਤੇਰਾ ਅੰਤ ਨਹੀਂ ਪਾ ਸਕਦਾ । (ਅਸੀਂ ਬੇਅੰਤ ਗਲਤੀਆਂ ਕਰਨ ਕਰ ਕੇ ਤੁਲਣਹਾਰ ਹਾਂ) ਪਰ ਤੈਂ ਸਹਿ (ਤੂੰ ਮਾਲਕ ਹੋਣ ਕਰਕੇ) ਆਪਣੇ ਬਖਸ਼ਸ਼ ਵਾਲੇ ਸੁਭਾਓ ਅਨੁਸਾਰ ਪ੍ਰੇਮ ਪਟੋਲੇ (ਪਿਆਰ ਦੇ ਕਪੜੇ) ਨਾਲ ਮੇਰੀ ਪਤਿ (ਇਜ਼ਤ) ਢਕ ਦਿੰਦਾ ਹੈ ਜਾਂ ਮੇਰੀ ਇਜ਼ਤ ਰਖਤਾ ਹੈ ।

ਹੁਣ ਦਸੋ ! ਇਸ ਅਰਥਾਂ ਵਾਲੇ ਸਲੋਕ ਦਾ ਰੁਮਾਲਾ

ਚੜ੍ਹਾਉਣ ਨਾਲ ਕੀ ਸੰਬੰਧ ? ਅਤੇ ਸਲੋਕ ਪੜ੍ਹਦੇ ਸਮੇਂ ਰੁਮਾਲੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਤਾਣੇ ਰਖਣ ਦਾ ਕੀ ਭਾਵ ? ਪਰ ਅਸੀਂ ਪੜ੍ਹੇ-ਅਨਪੜ੍ਹੇ ਸਾਰੇ, ਬਿਨਾ ਸੋਚੇ-ਸਮਝੇ ਹੀ ਦੇਖਾ ਦੇਖੀ ਪੜ੍ਹਨ ਪੜ੍ਹਾਉਣ ਦਾ ਰਿਵਾਜ ਹੀ ਬਣਾ ਲਿਆ ਹੈ ।

9. ਬਾਣੀ ਦੇ ਅਰਥ ਭਾਵਾਂ ਦੀ ਜਾਣਕਾਰੀ ਨਾਂਹ ਹੋਣ ਕਾਰਨ ਅਤੇ ਵੀਚਾਰ ਦੀ ਘਾਟ ਹੋਣ ਕਾਰਨ ਹੀ ਇਸਤਰ੍ਹਾਂ ਦੇ ਸਮਾਗਮ ਵਿਚ ਅਰਦਾਸੀਆ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ! ਆਪ ਜੀ ਨੂੰ ਰੁਮਾਲਾ ਚੜ੍ਹਾਇਆ ਗਿਆ ਹੈ (ਕਈ ਥਾਵਾਂ ਤੇ) ਭੇਟ ਕੀਤਾ ਗਿਆ ਹੈ ਹੁਣ ਤੁਸੀਂ ਸੇਵਕਾਂ ਦੇ ਪੜਦੇ ਕਜਣੇ ।

ਕਿਤਨੀ ਗਲਤ ਸੋਚਣੀ ਹੈ ? ਕਿਸਤਰਾਂ ਅਰਥਾਂ ਦੇ ਅਨਰਥ ਕਰਕੇ ਜਿਥੇ ਪਾਪ ਕਮਾਂਉਂਣ ਦੇ ਦੋਸ਼ੀ ਬਣਦੇ ਜਾ ਰਹੇ ਹਾਂ ਉਥੇ ਆਪਣੀ ਪੂਰਨ ਅਗਿਆਨਤਾ ਦਾ ਸਬੂਤ ਦੇਂਦੇ ਹੋਏ ਦਿਖਾਵੇ ਦੀ ਵਧਦੀ ਜਾ ਰਹੀ ਲਹਿਰ ਵਿਚ ਹਿਸਾ ਪਾ ਕੇ ਮਨਮਤ ਵਿਚ ਵਾਧਾ ਕਰਦੇ ਜਾ ਰਹੇ ਹਾਂ ।

(10) ਇਸ ਸਾਰੇ ਪ੍ਰੋਗਰਾਮ ਵਿਚ ਪਾਠ ਦੇ ਭੋਗ ਸਮੇਂ ਦੀ ਇਕ ਰਹਿ ਚਲੀ ਗਲ ਇਹ ਹੈ ਕਿ 'ਰਹਿਤ-ਮਰਿਯਾਦਾ' ਦੀ ਛੋਟੀ ਜਿਹੀ ਪੁਸਤਕ ਵਿਚ ਸਾਫ ਲਿਖਿਆ ਹੋਇਆ ਹੈ ਕਿ ਭੋਗ 'ਮੁੰਦਾਵਣੀ' ਜਾਂ 'ਰਾਗਮਾਲਾ' ਉਤੇ, ਸਥਾਨਕ ਰੀਤੀ ਅਨੁਸਾਰ ਪਾਇਆ ਜਾਏ । ਪਰ ਸਮਾਪਤੀ ਮਗਰੋਂ ਫਿਰ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ, ਕਈ ਥਾਵਾਂ ਤੇ ਜਪੁਜੀ ਪੂਰਾ ਪੜ੍ਹਨਾ, ਕਈ ਥਾਵਾਂ ਤੇ ਪੂਰਾ ਜਪੁਜੀ ਅਤੇ ਪੂਰਾ ਅਨੰਦ ਸਾਹਿਬ (40 ਪਉੜੀਆਂ) ਪੜ੍ਹਨਾ ਪਤਾ ਨਹੀਂ ਕਿਥੋਂ ਦੀ ਮਰਿਯਾਦਾ ਹੈ ?

ਹਾਂ, ਜੇ ਹੋਰ ਪਾਠ ਰਖਣਾ ਹੋਵੇ ਤਾਂ ਉਹ ਅਰਦਾਸ ਦੇ ਮਗਰੋਂ ਪੰਜ ਪਉੜੀਆਂ ਜਾਂ ਪੂਰਾ ਜਪੁਜੀ ਸਾਹਿਬ ਆਰੰਭਤਾ ਵਜੋਂ ਪੜਿਆ ਜਾਣਾ ਬਣਦਾ ਹੈ। ਸਹਿਜ ਜਾਂ ਅਖੰਡ ਪਾਠ ਦੇ ਭੋਗ ਪੈਣ ਸਾਰ, ਨਾਲ ਲਗਦੇ ਹੀ ਪੰਜ ਪਉੜੀਆਂ ਜਾਂ ਪੂਰਾ ਜਪੁਜੀ ਸਾਹਿਬ ਪੜਨਾ ਨਿਰੀ ਮਨਮਤ ਹੈ। ਇਹ ਨਹੀਂ ਹੋਣੀ ਚਾਹੀਦੀ।

### (11) ਆਓ ਨਿਰਪਖ ਹੋ ਕੇ ਵੀਚਾਰੀਏ

ਜੇ ਕੋਈ ਮਾਮੂਲੀ ਜਿਹਾ ਮਹਿਮਾਨ ਘਰ ਆ ਜਾਏ ਤਾਂ ਉਸ ਦੀ ਆਉ ਭਗਤ ਕਰਦਿਆਂ ਉਸ ਦੇ ਅਗੇ ਪਿਛੇ ਫਿਰਦਾ ਹੈ। ਪਰ ਪਾਤਸ਼ਾਹਾਂ ਦੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਘਰ ਬੁਲਾ ਕੇ ਭਾਈ ਜੀ ਦੇ ਹਵਾਲੇ ਕਰ ਕੇ ਆਪ ਦਫਤਰਾਂ, ਦੁਕਾਨਾਂ ਤੇ ਹੋਰ ਕੰਮਾਂ ਕਾਜਾਂ ਤੇ ਚਲਾ ਜਾਣਾ ਕਿਥੋਂ ਤਕ ਠੀਕ ਹੈ ? ਬੀਬੀਆਂ ਵੀਚਾਰੀਆਂ ਨੂੰ ਤਾਂ ਗਲੀ ਗੁਆਂਢ ਸੱਦਾ ਪਤਰ ਦੇਣ ਅਤੇ ਆਏ ਗਏ ਲਈ ਚਾਹ ਪਾਣੀ ਤੇ ਪੁਛ ਪ੍ਰਤੀਤ ਕਰਦਿਆਂ, ਗਲਾਂ ਬਾਤਾਂ ਤੋਂ ਹੀ ਵਿਹਲ ਨਹੀਂ ਮਿਲਦੀ।

(ੳ) ਬਾਣੀ ਕਹਿੰਦੀ ਹੈ :–

*ਧ੍ਰਿਗ ਤਿਨਾ ਦਾ ਜੀਵਿਆ,*
*ਜੋ ਲਿਖ ਲਿਖ ਵੇਚੇ ਨਾਉਂ ॥*

ਅਨੁਸਾਰ ਜੇ ਪ੍ਰਭੂ ਦਾ ਨਾਮ ਲਿਖ ਲਿਖ ਵੇਚਨਾ ਧ੍ਰਿਗ (100 ਲਾਹਨਤਾਂ ਦੀ ਇਕ ਧ੍ਰਿਗ) ਹੈ ਤਾਂ ਪ੍ਰਭੂ ਦਾ ਨਾਮ-ਬਾਣੀ ਪੜ੍ਹ ਪੜ੍ਹ ਕੇ ਵੇਚਨਾ ਕੀ ਧ੍ਰਿਗ ਨਹੀਂ ? ਜ਼ਰਾ ਸੋਚੋ !

(ਅ) ਬਾਣੀ ਤਾਂ ਕਹਿੰਦੀ ਹੈ ਕਿ ਗਾਵਿਆ ਸੁਣਿਆ ਉਸੇ ਦਾ ਥਾਂ ਪੈਂਦਾ ਹੈ ਜਿਸ ਨੇ ਗੁਰਉਪਦੇਸ਼ਾਂ ਨੂੰ ਕਮਾਉਣਾ ਹੈ ਜਾਂ

ਕਮਾਇਆ ਹੈ । ਪਰ ਇਧਰ ਬਾਣੀ ਵੇਚੀ ਤੇ ਖਰੀਦੀ ਜਾ ਰਹੀ ਹੈ । ਭੇਟਾ ਜਮ੍ਹਾਂ ਕਰਾ ਦਿਓ, ਪਾਠ ਕੋਈ ਹੋਰ ਕਰ ਦੇਵੇਗਾ, ਹੁਕਮ ਡਾਕ ਰਾਹੀਂ ਤੁਹਾਨੂੰ ਪੁਜ ਜਾਏਗਾ ਅਤੇ ਪਾਠ ਦਾ ਫਲ ਤੁਹਾਨੂੰ ਲਗ ਜਾਏਗਾ ।

(ਏ) ਅਸੀਂ ਪਾਠੀਆਂ ਨੂੰ ਦੋਸ਼ ਦੇਂਦੇ ਹਾਂ ਕਿ ਉਹ ਪਾਠ ਠੀਕ ਨਹੀਂ ਕਰਦੇ ਜਾਂ ਐਵੇਂ ਪਤਰੇ ਪਲਟਾ ਦੇਂਦੇ ਹਨ ਆਦਿ (ਭਾਵੇਂ ਕੋਈ ਹੀ ਇਸਤਰਾਂ ਕਰਦਾ ਹੋਏਗਾ) ਪਰ ਜੇ ਥੁਹੜੀ ਦੇਰ ਲਈ ਇਸ ਤਰਾਂ ਹੀ ਮਨ ਲਈਏ ਤਾਂ ਦਸੋ ਉਨ੍ਹਾਂ ਦੀ ਇਸ ਤਰਾਂ ਬੁਧੀ ਭ੍ਰਿਸ਼ਟ ਕਰਨ ਦੇ ਦੋਸ਼ੀ ਕੀ ਅਸੀਂ ਨਹੀਂ ? ਜੋ ਝੂਠ-ਚਾਲਾਕੀ, ਹੇਰਾ ਫੇਰੀ, ਤੇ ਰਿਸ਼ਵਤ ਆਦਿ (ਨੰਬਰ ਦੋ) ਦੀ ਕਮਾਈ ਨਾਲ ਪਾਠ ਰਖਵਾਉਂਦੇ ਹਾਂ ? ''ਜੈਸਾ ਅੰਨ ਤੈਸਾ ਮਨ'' ਤਾਂ ਸਾਰੇ ਹੀ ਕਹਿੰਦੇ ਹਨ ।

(ਸ) ਗੁਰਬਾਣੀ ਉਤੇ ਵੰਨ-ਸਵੰਨੇ ਰੁਮਾਲ ਅਤੇ ਸਿਹਰੇ ਚੜ੍ਹਾਏ ਜਾਂਦੇ ਹਨ, ਸੁਗੰਧੀਆਂ ਅਤੇ ਘਿਓ ਦੀਆਂ ਜੋਤਾਂ ਜਗਾਈਆਂ ਜਾਂਦੀਆਂ ਹਨ, ਕੁੰਭ ਤੇ ਨਾਰੀਅਲ ਰਖੇ ਜਾਂਦੇ ਹਨ, ਗਾਨੇ ਬਧੇ ਜਾਂਦੇ ਹਨ, 'ਅੰਮ੍ਰਿਤ' ਦੇ ਕਟੋਰੇ ਰਖੇ ਜਾਂਦੇ ਹਨ, ਆਰਤੀਆਂ ਕੀਤੀਆਂ ਜਾਂਦੀਆਂ ਹਨ ਪਰ ਜੋ ਗੁਰਬਾਣੀ ਕਹਿੰਦੀ ਹੈ, ਉਸ ਵਲ ਧਿਆਨ ਦੇਣ ਦੀ ਲੋੜ ਜਾਂ ਉਸ ਅਨੁਸਾਰ ਤੁਰਨ ਦੀ ਲੋੜ ਪਤਾ ਨਹੀਂ ਕਿਉਂ ਜ਼ਰੂਰੀ ਨਹੀਂ ਸਮਝੀ ਜਾਂਦੀ ਜਾਂ ਪਤਾ ਨਹੀਂ ਇਹ ਲੋੜ ਕਦੋਂ ਸਮਝੀ ਜਾਏਗੀ ?

(ਹ) ਗੁਰਬਾਣੀ ਅਨੁਸਾਰ ਪਹਿਲਾਂ ਆਪ ਨਾ ਤੁਰਨਾ, ਨਾਂਹ ਹੀ ਤੁਰਨ ਲਈ ਪ੍ਰੇਰਨਾ ਅਤੇ ਸਹੀ ਪ੍ਰਚਾਰ ਦੀ ਘਾਟ ਕਾਰਨ ਹੀ ਧਰਮ ਦੇ ਕੰਮ, 'ਕਰਮ-ਕਾਂਡ' ਬਣਦੇ ਜਾ ਰਹੇ ਹਨ,

ਜਿਨ੍ਹਾਂ ਦਾ ਗੁਰੂ ਪਾਤਸ਼ਾਹ ਨੇ ਬਾਣੀ ਵਿਚ ਭਰਵਾਂ ਖੰਡਨ ਕੀਤਾ ਹੈ । ਇਹੋ ਕਾਰਨ ਹੈ ਕਿ ਅਖੰਡ ਪਾਠ ਦੀ ਸਮਾਪਤੀ ਮਗਰੋਂ ਉਸੇ ਸਪੀਕਰ ਉਤੇ ਗੰਦੇ ਫਿਲਮੀ ਗੀਤਾਂ ਦੇ ਰੀਕਾਰਡ ਵਜਾਏ ਜਾਂਦੇ ਹਨ ਅਤੇ ਕਈ ਥਾਵਾਂ ਤੇ ਸ਼ਰਾਬ ਦੇ ਦੌਰ ਸ਼ੁਰੂ ਹੋ ਜਾਂਦੇ ਹਨ, ਜਿਸ ਸਪੀਕਰ ਉਤੇ ਕੁਝ ਚਿਰ ਪਹਿਲਾਂ ਪਵਿਤ੍ਰ ਅੰਮ੍ਰਿਤ ਬਾਣੀ ਸੁਣਾਈ ਜਾਂਦੀ ਸੀ ਅਤੇ ਸ਼ਰਾਬ ਪੀਣ ਦੀ ਭੈੜੀ ਵਾਦੀ ਬਾਰੇ ਇਸਤਰਾਂ ਪੜ੍ਹਿਆ ਜਾ ਰਿਹਾ ਸੀ :-

*ਜਿਤੁ ਪੀਤੈ ਮਤਿ ਦੂਰਿ ਹੋਇ,*
*ਬਰਲ ਪਵੈ ਵਿਚਿ ਆਇ ॥*
*ਆਪਣਾ ਪਰਾਇਆ ਨ ਪਛਾਣਈ,*
*ਖਸਮਹੁ ਧਕੇ ਖਾਇ ॥ (੫੫੪)*

ਅਤੇ – *ਜਿਤੁ ਪੀਤੈ ਖਸਮੁ ਵਿਸਰੈ,*
*ਦਰਗਹ ਮਿਲੈ ਸਜਾਇ ॥*
*ਝੂਠਾ ਮਦੁ ਮੂਲਿ ਨ ਪੀਚਈ,*
*ਜੇ ਕਾ ਪਾਰਿ ਵਸਾਇ ॥*

ਅਖੰਡ ਪਾਠ ਜਾਂ ਸਹਿਜ ਪਾਠ ਜਾਂ ਹੋਰ ਧਾਰਮਕ ਕੰਮ ਸਹੀ ਅਰਥਾਂ ਵਿਚ ਤਾਂ ਹੀ ਹੋ ਸਕਣਗੇ ਜੇ ਅਸੀਂ ਪਹਿਲਾਂ ਆਪ ਗੁਰਬਾਣੀ ਨੂੰ ਧਿਆਨ ਨਾਲ, ਵੀਚਾਰ ਨਾਲ ਪੜ੍ਹਨ ਸੁਣਨ ਦੀ ਆਦਤ ਪਾਈਏ ਅਤੇ ਪੰਥ ਪ੍ਰਵਾਨਤ "ਸਿਖ ਰਹਿਤ ਮਰਿਯਾਦਾ" ਅਨੁਸਾਰ ਸਾਰੇ ਕਾਰਜ ਕਰੀਏ ਅਤੇ ਨਾਲ ਦੀ ਨਾਲ ਪ੍ਰਚਾਰਨ ਵਿਚ ਯੋਗ ਹਿਸਾ ਪਾਈਏ ਤਾਂ ਜੁ ਸਾਡੇ ਵਿਚੋਂ ਮਨਮਤ ਦਾ ਨਾਸ਼ ਅਤੇ ਗੁਰਮਤਿ ਦਾ ਪ੍ਰਕਾਸ਼ ਹੋਵੇ ।

———

## ਸੰਖੇਪ

1. ਅਖੰਡ ਪਾਠ ਦੀ ਮਰਿਯਾਦਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਹੁਤ ਮਗਰੋਂ ਆਰੰਭ ਹੋਈ ਸੀ।
2. ਗੁਰਬਾਣੀ ਦਾ ਪਾਠ ਕੀਰਤਨ ਕਰਨਾ-ਸੁਣਨਾ ਉਸੇ ਦਾ ਹੀ ਲੇਖੇ ਵਿਚ ਲਗਦਾ ਹੈ ਜੋ ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਜੀਵਨ-ਜੀਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਗੁਰਬਾਣੀ ਸਹਿਜ ਨਾਲ, ਪਿਆਰ ਨਾਲ, ਵੀਚਾਰ ਨਾਲ ਪੜ੍ਹਨ-ਸੁਣਨ ਦੀ ਆਦਤ ਪਾਉਣੀ ਚਾਹੀਦੀ ਹੈ।
3. ਆਰਤੀ ਵਾਲੇ ਸ਼ਬਦਾਂ ਨੂੰ ਵੀਚਾਰਨ ਤੋਂ ਪਤਾ ਲਗਦਾ ਹੈ ਕਿ ਅਕਾਲ ਪੁਰਖ ਵਾਹਿਗੁਰੂ ਜੀ ਦੀ ਆਰਤੀ ਤਾਂ ਹਮੇਸ਼ਾਂ ਹੋ ਰਹੀ ਹੈ ਜਿਸ ਦੀ ਹੋਂਦ ਦਾ ਅਹਿਸਾਸ ਕਰਨ ਲਈ ਵਿਚਾਰ ਨਾਲ ਬਾਣੀ ਪੜ੍ਹਨੀ, ਨਾਮ ਜਪਣਾ, ਸਿਮਰਨ ਕਰਨਾ ਬੜਾ ਜ਼ਰੂਰੀ ਹੈ।
4. 'ਪ੍ਰੇਮ ਪਲੋਟਾ' ਵਾਲੇ ਸ਼ਲੋਕ ਦਾ ਸੰਬੰਧ ਰੁਮਾਲਾ ਚੜ੍ਹਾਉਣ ਨਾਲ ਬਿਲਕੁਲ ਨਹੀਂ ਹੈ। 'ਸਿੱਖ ਰਹਿਤ ਮਰਿਯਾਦਾ' ਅਨੁਸਾਰ ਕਿਸੇ ਪਾਠ ਦੀ ਸਮਾਪਤੀ ਉਪ੍ਰੰਤ ਕੇਵਲ ਰੁਮਾਲਾ ਚੜਾਉਣਾ ਹੀ ਜ਼ਰੂਰੀ ਨਹੀਂ ਹੈ ਸਗੋਂ ਚੰਦੋਆ, ਚੌਰ, ਚਦਰ, ਗਲੀਚਾ, ਦਰੀ ਆਦਿ ਲੋੜ ਅਨੁਸਾਰ ਹੋਰ ਵਸਤਾਂ ਵੀ ਭੇਟਾ ਕੀਤੀਆਂ

ਜਾ ਸਕਦੀਆਂ ਹਨ ।

5. ਗੁਰਬਾਣੀ ਦਾ ਅਸਲ ਆਦਰ ਜਿਥੇ ਗੁਰਬਾਣੀ ਅਨੁਸਾਰ ਜੀਵਨ-ਜੀਉਣ ਦੀ ਕੋਸ਼ਿਸ਼ ਕਰਨਾ ਹੈ ਉਥੇ ਗੁਰਬਾਣੀ, ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਹਰ ਪੱਖੋਂ ਕਰਨਾ ਕਰਾਉਣਾ ਹਰ ਗੁਰੂ ਦੇ ਸਿੱਖ ਲਈ ਜ਼ਰੂਰੀ ਫ਼ਰਜ ਹੈ ।

6. ਗੁਰਬਾਣੀ ਦਾ ਸ਼ੁੱਧ ਉਚਾਰਨ, ਉਨ੍ਹਾਂ ਦੇ ਅਰਥ ਭਾਵਾਂ ਨੂੰ ਸਮਝਣਾ-ਸਮਝਾਉਣਾ-ਪ੍ਰਚਾਰਨਾਂ ਵੀ ਹਰ ਗੁਰੂ ਦੇ ਸਿੱਖ ਦਾ ਫ਼ਰਜ਼ ਹੈ ।

7. ਇਹ ਬਿਲਕੁਲ ਜ਼ਰੂਰੀ ਨਹੀਂ ਕਿ ਅਖੰਡ ਪਾਠ ਦਾ ਭੋਗ ੪੭-੪੮ ਘੰਟਿਆਂ ਵਿਚ ਹੀ ਪਵੇ । ਪਾਠ ਪ੍ਰੇਮ ਨਾਲ, ਸਹਿਜ ਨਾਲ ਅਤੇ ਸ਼ੁੱਧ ਉਚਾਰਨ ਵਲ ਧਿਆਨ ਦੇ ਕੇ ਆਪ ਹੀ ਜਾਂ ਪਰਵਾਰ ਦੇ ਜੀਆਂ ਨੂੰ ਮਿਲ ਕੇ ਹੀ ਕਰਨਾ ਚਾਹੀਦਾ ਹੈ । ਜੇ ਕੋਈ ਕਰ ਨਹੀਂ ਸਕਦਾ ਤਾਂ ਉਸ ਨੂੰ ਸੁਣਨਾ ਜ਼ਰੂਰ ਚਾਹੀਦਾ ਹੈ ।

ਵੱਲੋਂ ਪ੍ਰੇਮ ਭੇਟਾ